## ਸਹਿਮਤੀ ਫ਼ਾਰਮ – ਹੋਰਨਾਂ ਵਾਸਤੇ ਨਾਂ ਅਤੇ ਨਿਜੀ ਜਾਣਕਾਰੀ ਦਾ ਖ਼ੁਲਾਸਾ ਕਰਨ ਲਈ

(ਦਸਤਖ਼ਤ ਕਰਨ ਵਾਲੀ ਲਾਈਨ ਛੱਡਕੇ ਕਿਰਪਾ ਕਰਕੇ ਲਿਖੋ ਜਾਂ ਟਾਈਪ ਕਰੋ)

**ਤੁਹਾਡਾ ਨਾਂ:** ______________________________________________

**ਸਕੂਲ ਜਾਂ ਕਿਸੇ ਹੋਰ ਸੰਸਥਾ ਦਾ ਨਾਂ, ਜਿਸਦੇ ਵਿਰੁੱਧ ਤੁਸੀਂ ਇਹ ਸ਼ਿਕਾਇਤ ਦਾਇਰ ਕੀਤੀ ਹੈ:**______________________________

______________________________________________

- ਇਹ ਫ਼ਾਰਮ ਪੁੱਛਦਾ ਹੈ ਕਿ ਕੀ ਸਿਵਿਲ ਹੱਕਾਂ ਬਾਰੇ ਦਫ਼ਤਰ (OCR) ਤੁਹਾਡਾ ਨਾਂ ਅਤੇ ਹੋਰ ਨਿਜੀ ਜਾਣਕਾਰੀ ਦੂਜਿਆਂ ਨਾਲ ਸਾਂਝੀ ਕਰ ਸਕਦਾ ਹੈ ਜਾਂ ਨਹੀਂ, ਜਦੋਂ OCR ਇੰਜ ਕਰਨ ਦਾ ਫ਼ੈਸਲਾ ਕਰਦਾ ਹੈ, ਤਾਂ ਇਸ ਨਾਲ ਤੁਹਾਡੀ ਸ਼ਿਕਾਇਤ ਦੀ ਪੜਤਾਲ ਕਰਨ ਅਤੇ ਇਸ ਨੂੰ ਹੱਲ ਕਰਨ ਵਿਚ ਮਦਦ ਮਿਲੇਗੀ।
- ਉਦਾਹਰਣ ਲਈ, ਸਕੂਲ ਨੇ ਇੱਕ ਵਿਅਕਤੀ ਵਿਰੁੱਧ ਪੱਖਪਾਤ ਕੀਤਾ ਹੈ ਜਾਂ ਨਹੀਂ ਦਾ ਫ਼ੈਸਲਾ ਕਰਨ ਲਈ OCR ਨੂੰ ਅਕਸਰ ਤੱਥਾਂ ਦੀ ਪੁਸ਼ਟੀ ਕਰਨ ਜਾਂ ਵਾਧੂ ਜਾਣਕਾਰੀ ਲੈਣ ਲਈ ਉਸ ਸਕੂਲ ਵਿਖੇ ਮੁਲਾਜ਼ਮਾਂ ਨੂੰ ਉਸ ਵਿਅਕਤੀ ਦਾ ਨਾਂ ਅਤੇ ਹੋਰ ਨਿਜੀ ਜਾਣਕਾਰੀ ਦਾ ਖ਼ੁਲਾਸਾ ਕਰਨ ਦੀ ਲੋੜ ਪੈਂਦੀ ਹੈ। ਜਦੋਂ OCR ਇੰਜ ਕਰਦਾ ਹੈ, ਤਾਂ OCR ਮੁਲਾਜ਼ਮਾਂ ਨੂੰ ਦੱਸਦਾ ਹੈ ਕਿ ਉਸ ਵਿਅਕਤੀ ਅਤੇ ਉਸ ਵਿਅਕਤੀ ਨਾਲ ਸਬੰਧਿਤ ਹੋਰਨਾਂ ਵਿਅਕਤੀਆਂ ਵਿਰੁੱਧ ਬਦਲੇ ਦੀ ਕਾਰਵਾਈ ਦੇ ਸਾਰੇ ਰੂਪਾਂ ਦੀ ਮਨਾਹੀ ਹੈ। OCR ਗੁਆਹਾਂ ਨਾਲ ਇੰਟਰਵਿਊਆਂ ਅਤੇ ਮਾਹਿਰਾਂ ਨਾਲ ਸਲਾਹ-ਮਸ਼ਵਰੇ ਦੌਰਾਨ ਵਿਅਕਤੀ ਦੇ ਨਾਂ ਅਤੇ ਨਿਜੀ ਜਾਣਕਾਰੀ ਦਾ ਖ਼ੁਲਾਸਾ ਵੀ ਕਰ ਸਕਦਾ ਹੈ।
- ਉਪਰ ਦੱਸੇ ਗਏ ਅਨੁਸਾਰ, ਜੇ OCR ਨੂੰ ਆਪਣਾ ਨਾਂ ਜਾਂ ਨਿਜੀ ਜਾਣਕਾਰੀ ਦਾ ਖ਼ੁਲਾਸਾ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ, ਜੇ OCR ਫ਼ੈਸਲਾ ਕਰਦਾ ਹੈ, ਤਾਂ OCR ਤੁਹਾਡੀ ਸ਼ਿਕਾਇਤ ਬੰਦ ਕਰਨ ਦਾ ਫ਼ੈਸਲਾ ਕਰ ਸਕਦਾ ਹੈ, ਸਕੂਲ ਨੇ ਤੁਹਾਡੇ ਵਿਰੁੱਧ ਪੱਖਪਾਤ ਕੀਤਾ ਹੈ ਜਾਂ ਨਹੀਂ, ਨੂੰ ਹੱਲ ਕਰਨ ਲਈ ਆਪਣੇ ਨਾਂ ਜਾਂ ਨਿਜੀ ਜਾਣਕਾਰੀ ਦਾ ਖ਼ੁਲਾਸਾ ਕਰਨਾ ਬਹੁਤ ਜ਼ਰੂਰੀ ਹੈ।

  **ਧਿਆਨ ਦਿਓ:** ਜੇ ਤੁਸੀਂ OCR ਕੋਲ ਸ਼ਿਕਾਇਤ ਦਾਇਰ ਕਰਦੇ ਹੋ, ਤਾਂ OCR ਤੁਹਾਡੀ ਸ਼ਿਕਾਇਤ ਬਾਰੇ ਕੁਝ ਜਾਣਕਾਰੀ ਪ੍ਰੈਸ ਜਾਂ ਆਮ ਲੋਕਾਂ ਨੂੰ ਦੇ ਸਕਦੀ ਹੈ, ਇਸ ਵਿਚ ਸਕੂਲ ਜਾਂ ਸੰਸਥਾ ਦਾ ਨਾਂ; ਆਪਣੀ ਸ਼ਿਕਾਇਤ ਦਾਇਰ ਕਰਨ ਦੀ ਤਾਰੀਖ਼; ਤੁਹਾਡੀ ਸ਼ਿਕਾਇਤ ਵਿਚ ਸ਼ਾਮਿਲ ਪੱਖਪਾਤ ਦੀ ਕਿਸਮ; ਉਹ ਤਾਰੀਖ਼, ਜਦੋਂ ਤੁਹਾਡੀ ਸ਼ਿਕਾਇਤ ਹੱਲ ਕੀਤੀ ਗਈ ਸੀ, ਖ਼ਾਰਜ ਕਰ ਦਿੱਤੀ ਗਈ ਸੀ ਜਾਂ ਬੰਦ ਕੀਤੀ ਗਈ ਸੀ; OCR ਦੇ ਫ਼ੈਸਲੇ ਲਈ ਬੁਨਿਆਦੀ ਅਧਾਰ; ਜਾਂ ਕੋਈ ਹੋਰ ਸਬੰਧਿਤ ਜਾਣਕਾਰੀ ਸ਼ਾਮਿਲ ਹੋਣੀ ਚਾਹੀਦੀ ਹੈ। OCR ਵਲੋਂ ਪ੍ਰੈਸ ਜਾਂ ਆਮ ਲੋਕਾਂ ਨੂੰ ਦਿੱਤੀ ਜਾਣ ਵਾਲੀ ਕਿਸੇ ਵੀ ਜਾਣਕਾਰੀ ਵਿਚ ਤੁਹਾਡਾ ਨਾਂ ਜਾਂ ਉਸ ਵਿਅਕਤੀ ਦਾ ਨਾਂ ਸ਼ਾਮਿਲ ਨਹੀਂ ਹੋਏਗਾ, ਜਿਸ ਨੇ ਤੁਹਾਡੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਸੀ।

  **ਧਿਆਨ ਦਿਓ:** OCR ਚਾਹੁੰਦਾ ਹੈ ਕਿ ਤੁਸੀਂ ਜਾਣਕਾਰੀ ਲਈ ਇਸਦੀਆਂ ਬੇਨਤੀਆਂ ਦਾ ਜਵਾਬ ਦਿਓ। OCR ਦੀ ਪੜਤਾਲ ਅਤੇ ਹੱਲ ਕਰਨ ਸਬੰਧੀ ਕਾਰਵਾਈਆਂ ਵਿਚ ਸਹਿਯੋਗ ਕਰਨ ਵਿਚ ਨਾਕਾਮ ਰਹਿਣ ਕਰਕੇ ਤੁਹਾਡੀ ਸ਼ਿਕਾਇਤ ਬੰਦ ਕੀਤੀ ਜਾ ਸਕਦੀ ਹੈ।

### ਕਿਰਪਾ ਕਰਕੇ ਸੈਕਸ਼ਨ A ਜਾਂ ਸੈਕਸ਼ਨ B ਤੇ ਦਸਤਖ਼ਤ ਕਰੋ(ਪਰ ਦੋਹਾਂ ਤੇ ਨਹੀਂ) ਅਤੇ OCR ਨੂੰ ਵਾਪਸ ਕਰੋ:

- ਜੇ ਤੁਸੀਂ ਆਪਣੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਹੈ, ਤਾਂ ਤੁਹਾਨੂੰ ਇਸ ਫ਼ਾਰਮ ਤੇ ਦਸਤਖ਼ਤ ਕਰਨੇ ਚਾਹੀਦੇ ਹਨ।
- ਜੇ ਤੁਸੀਂ ਕਿਸੇ ਹੋਰ ਵਿਸ਼ੇਸ਼ ਵਿਅਕਤੀ ਦੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਹੈ, ਤਾਂ ਉਸ ਵਿਅਕਤੀ ਨੂੰ ਇਸ ਫ਼ਾਰਮ ਤੇ ਦਸਤਖ਼ਤ ਕਰਨੇ ਚਾਹੀਦੇ ਹਨ।

  **ਅਪਵਾਦ:**ਜੇ ਇੱਕ ਵਿਸ਼ੇਸ਼ ਵਿਅਕਤੀ ਦੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਗਈ ਸੀ, ਜਿਸਦੀ ਉਮਰ 18 ਸਾਲ ਤੋਂ ਘੱਟ ਹੈ ਜਾਂ ਕਾਨੂੰਨੀ ਤੌਰ ਤੇ ਅਸਮਰੱਥ ਬਾਲਗ਼ ਹੈ, ਤਾਂ ਇਸ ਫ਼ਾਰਮ ਤੇ ਉਸ ਵਿਅਕਤੀ ਦੇ ਮਾਤਾ-ਪਿਤਾ ਜਾਂ ਕਾਨੂੰਨੀ ਸਰਪ੍ਰਸਤ ਵਲੋਂ ਦਸਤਖ਼ਤ ਜ਼ਰੂਰ ਕਰਨੇ ਚਾਹੀਦੇ ਹਨ।
- ਜੇ ਤੁਸੀਂ ਕਿਸੇ ਵਿਸ਼ੇਸ਼ ਵਿਅਕਤੀ ਦੀ ਥਾਂ ਲੋਕਾਂ ਦੇ ਵਰਗ ਦੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਹੈ, ਤਾਂ ਤੁਹਾਨੂੰ ਫ਼ਾਰਮ ਤੇ ਦਸਤਖ਼ਤ ਕਰਨੇ ਚਾਹੀਦੇ ਹਨ।

A. **ਮੈਂ OCR ਦੀ ਹੋਰ ਪੜਤਾਲ ਅਤੇ ਲਾਗੂ ਕਰਨ ਸਬੰਧੀ ਕਾਰਵਾਈਆਂ ਲਈ ਹੋਰਨਾਂ ਵਾਸਤੇ ਆਪਣੀ ਸ਼ਨਾਖ਼ਤ (ਅਤੇ ਮੇਰੇ ਛੋਟੇ ਬੱਚੇ/ਵਿਦਿਆਰਥੀ, ਜਿਸਦੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਗਈ ਹੈ) ਦਾ ਖ਼ੁਲਾਸਾ ਕਰਨ ਲਈ OCR ਨੂੰ ਆਪਣੀ ਸਹਿਮਤੀ <u>ਦਿੰਦਾ/ਦਿੰਦੀ</u> ਹਾਂ।**

______________________________ ______________

**ਦਸਤਖ਼ਤ** **ਤਾਰੀਖ਼**

**<u>ਜਾਂ</u>**

B. **ਮੈਂ ਹੋਰਨਾਂ ਲਈ ਆਪਣੀ ਸ਼ਨਾਖ਼ਤ (ਅਤੇ ਮੇਰੇ ਛੋਟੇ ਬੱਚੇ/ਵਿਦਿਆਰਥੀ, ਜਿਸਦੀ ਤਰਫ਼ੋਂ ਸ਼ਿਕਾਇਤ ਦਾਇਰ ਕੀਤੀ ਗਈ ਹੈ) ਦਾ ਖ਼ੁਲਾਸਾ ਕਰਨ ਲਈ OCR ਨੂੰ ਆਪਣੀ ਸਹਿਮਤੀ <u>ਨਹੀਂ</u> ਦਿੰਦਾ/ਦਿੰਦੀ।**ਮੈਂ ਸਮਝਦਾ/ਸਮਝਦੀ ਹਾਂ ਕਿ OCR ਮੇਰੀ ਸ਼ਿਕਾਇਤ ਬੰਦ ਕਰ ਸਕਦਾ ਹੈ।

______________________________ ______________

**ਦਸਤਖ਼ਤ** **ਤਾਰੀਖ਼**

ਮੈਂ ਝੂਠੀ ਸਹੁੰ ਦੀ ਸਜ਼ਾ ਹੇਠ ਐਲਾਨ ਕਰਦਾ/ਕਰਦੀ ਹਾਂ ਕਿ ਇਹ ਸੱਚ ਅਤੇ ਸਹੀ ਹੈ ਕਿ ਮੈਂ ਉਪਰ ਦਿੱਤੇ ਗਏ ਨਾਂ ਵਾਲਾ ਸ਼ਖ਼ਸ ਹਾਂ; ਅਤੇ ਕਿ ਸ਼ਿਕਾਇਤ ਛੋਟੇ ਬੱਚੇ/ਵਿਦਿਆਰਥੀ ਦੀ ਤਰਫ਼ੋਂ ਦਾਇਰ ਕੀਤੀ ਗਈ ਹੈ, ਕਿ ਮੈਂ ਉਸ ਵਿਅਕਤੀ ਦਾ ਮਾਤਾ-ਪਿਤਾ ਜਾਂ ਕਾਨੂੰਨੀ ਸਰਪ੍ਰਸਤ ਹਾਂ। ਇਹ ਐਲਾਨਨਾਮਾ ਸਿਰਫ਼ ਉਹਨਾਂ ਵਿਅਕਤੀਆਂ ਦੀ ਸ਼ਨਾਖ਼ਤ ਤੇ ਲਾਗੂ ਹੁੰਦਾ ਹੈ ਅਤੇ ਇਸਦੇ ਘੇਰੇ ਹੇਠ ਸ਼ਿਕਾਇਤ ਵਿਚ ਦਾਇਰ ਕੀਤੇ ਗਏ ਕੋਈ ਦਾਅਵੇ ਨਹੀਂ ਆਉਂਦੇ।

*ਅਪ੍ਰੈਲ 2014 ਨੂੰ ਸੋਧਿਆ ਗਿਆ*